دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)


# ਗ਼ਜ਼ਵਿਆਂ ਅਤੇ ਸਿਰਿੱਯਾਵਾਂ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ ਅਤੇ ਹਾਲੀਆ ਜੰਗ ਦੇ ਬਾਰੇ ਦੁਆਵਾਂ ਦੀ ਤਹਿਰੀਕ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 09 ਮਈ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ اِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

ਤਸ਼ੱਹੁਦ, ਤਅੱਵੁਜ਼ ਅਤੇ ਸੂਰਤ ਫ਼ਾਤਿਹਾ ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਜੰਗਿ ਮੋਤਾ ਦੀ ਹੋਰ ਤਫ਼ਸੀਲ ਇਸ ਤਰ੍ਹਾਂ ਬਿਆਨ ਹੋਈ ਹੈ ਕਿ ਹਜ਼ਰਤ ਖ਼ਾਲਿਦ ਰਜ਼ਿ ਅੱਲਾਹੁ ਅਨਹੁ ਬਿਆਨ ਕਰਦੇ ਹਨ ਕਿ ਮੋਤਾ ਦੇ ਦਿਨ ਮੇਰੇ ਹੱਥ ਵਿੱਚ ਨੌਂ (09) ਤਲਵਾਰਾਂ ਟੁੱਟੀਆਂ ਅਤੇ ਸਿਰਫ਼ ਇੱਕ ਯਮਨੀ ਚੌੜੀ ਤਲਵਾਰ ਹੀ ਮੇਰੇ ਹੱਥ ਵਿੱਚ ਰਹਿ ਗਈ। ਇਸ ਰਿਵਾਇਤ ਤੋਂ ਪਤਾ ਲੱਗਦਾ ਹੈ ਕਿ ਮੁਸਲਮਾਨਾਂ ਨੇ ਮੁਸ਼ਰਿਕਾਂ ਨੂੰ ਖ਼ੂਬ ਕ਼ਤਲ ਕੀਤਾ ਸੀ ਨਹੀਂ ਤਾਂ ਉਹ ਮੁਸ਼ਰਿਕਾਂ ਤੋਂ ਨਿਜਾਤ ਨਹੀਂ ਪਾ ਸਕਦੇ ਸਨ। ਮੁਸਲਮਾਨਾਂ ਦੀ ਤਾਅਦਾਦ ਤਿੰਨ (03) ਹਜ਼ਾਰ ਜਦਕਿ ਮੁਸ਼ਰਿਕਾਂ ਦੀ ਤਾਅਦਾਦ ਲੱਖ ਤੋਂ ਜ਼ਿਆਦਾ ਸੀ।

ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਫ਼ਰਮਾਉਂਦੇ ਹਨ ਕਿ ਜਿਹੜੇ ਮੁਸ਼ਕਿਲ ਮਸਲੇ ਹੁੰਦੇ ਹਨ ਉਹਨਾਂ ਨੂੰ ਕੁੱਝ ਲੋਕ ਸਮਝਦੇ ਹਨ ਅਤੇ ਕੁੱਝ ਨਹੀਂ ਸਮਝਦੇ ਅਤੇ ਇਸ ਗੱਲ ਦੀ ਲੋੜ ਹੁੰਦੀ ਹੈ ਕਿ ਦੂਸਰੇ ਲੋਕ ਜਿਹੜੇ ਬਾਖ਼ਬਰ ਹਨ ਉਹਨਾਂ ਨੂੰ ਉਹ ਮਸਲੇ ਸਮਝਾਉਣ ਭਾਵੇਂ ਇਸ ਵਜ੍ਹਾ ਨਾਲ਼ ਕਿ ਉਹ ਆਪ ਗ਼ੌਰ ਨਹੀਂ ਕਰਦੇ ਜਾਂ ਉਹਨਾਂ ਦਾ ਦਿਲ ਕਿਸੇ ਗੁਨਾਹ ਦੀ ਵਜ੍ਹਾ ਨਾਲ਼ ਖ਼ੁਦਾ ਤਆਲਾ ਦਾ ਫ਼ਜ਼ਲ ਸੋਖਣ ਲਈ ਤਿਆਰ ਨਹੀਂ ਹੁੰਦਾ। ਇਹ ਮੁਸ਼ਕਿਲ ਵਿਸ਼ੇ ਆਮ ਤੌਰ ‘ਤੇ ਦੋ ਤਰ੍ਹਾਂ ਦੇ ਹੁੰਦੇ ਹਨ। ਇੱਕ ਇਲਮੀ ਵਿਸ਼ੇ ਜਿਹੜੇ ਬਾਰੀਕ ਫ਼ਲਸਫ਼ੇ ‘ਤੇ ਅਧਾਰਿਤ ਹੁੰਦੇ ਹਨ, ਉਦਾਹਰਣ ਵੱਜੋਂ ਤੌਹੀਦ ਹੈ, ਇਸ ਦਾ ਇੰਨਾ ਹਿੱਸਾ ਤਾਂ ਹਰ ਸ਼ਖ਼ਸ ਸਮਝ ਸਕਦਾ ਹੈ ਕਿ ਖ਼ੁਦਾ ਇੱਕ ਹੈ ਪਰ ਅੱਗੇ ਇਹ ਸੂਫ਼ੀਆਨਾ ਬਾਰੀਕੀਆਂ ਕਿ ਕਿਸ ਤਰ੍ਹਾਂ ਇਨਸਾਨ ਦੇ ਹਰ ਕੰਮ ‘ਤੇ ਖ਼ੁਦਾ ਤਆਲਾ ਦੀ ਤੌਹੀਦ ਦਾ ਅਸਰ ਪੈਂਦਾ ਹੈ, ਇਸ ਦੇ ਲਈ ਇੱਕ ਆਰਿਫ਼ ਦੀ ਲੋੜ ਹੋਵੇਗੀ ਅਤੇ ਇਹ ਮਸਲੇ ਦੂਸਰੇ ਨੂੰ ਸਮਝਾਉਣ ਲਈ ਕਿਸੇ ਆਲਿਮ ਦੀ ਲੋੜ ਹੋਵੇਗੀ। ਹਰ ਸ਼ਖ਼ਸ ਇਹ ਬਾਰੀਕੀਆਂ ਨਹੀਂ ਕੱਢ ਸਕਦਾ। ਪਰ ਇੰਨੀ ਗੱਲ ਜ਼ਰੂਰ ਸਮਝ ਲਵੇਗਾ ਕਿ ਕੁਰਆਨ ਕਰੀਮ ਦੂਸਰੇ ਖ਼ੁਦਾ ਦਾ ਕ਼ਾਇਲ ਨਹੀਂ ਹੈ। ਦੂਸਰਾ ਇਹ ਮੁਸ਼ਕਿਲਾਂ ਅਜਿਹੇ ਮਤਲਬਾਂ ਦੇ ਬਾਰੇ ਪੈਦਾ ਹੁੰਦੀਆਂ ਹਨ ਜਿਹੜੇ ਇਲਮੀ ਤੇ ਨਾ ਹੋਣ ਪਰ ਉਹ ਉਸ ਭਾਸ਼ਾ ਵਿੱਚ ਬਿਆਨ ਕੀਤੇ ਗਏ ਹੋਣ ਜਿਸ ਨੂੰ “ਤਸ਼ਬੀਹ” ਜਾਂ “ਇਸਤਿਆਰਾ” ਕਹਿੰਦੇ ਹਨ। ਆਮ ਜਨਤਾ ਉਸ ਭਾਸ਼ਾ ਨੂੰ ਨਾ ਜਾਨਣ ਦੀ ਵਜ੍ਹਾ ਨਾਲ਼ ਇਸ ਦੇ ਅਜਿਹੇ ਅਰਥ ਕਰ ਲੈਂਦੀ ਹੈ ਜਿਹੜੇ ਹਕ਼ੀਕ਼ਤ ‘ਤੇ ਅਧਾਰਿਤ ਨਹੀਂ ਹੁੰਦੇ। ਉਦਾਹਰਣ ਵੱਜੋਂ ਰਸੂਲਿ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਜ਼ਮਾਨੇ ਵਿੱਚ ਇੱਕ ਵਾਕ਼ਿਆ ਪੇਸ਼ ਆਇਆ। ਜਦ ਸ਼ਾਮ ਦੀ ਜੰਗ ਵਿੱਚ ਰਸੂਲ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਜਾਅਫ਼ਰ ਰਜ਼ਿ ਅੱਲਾਹੁ ਅਨਹੁ ਦੀ ਸ਼ਹਾਦਤ ‘ਤੇ ਫ਼ਰਮਾਇਆ ਜਾਅਫ਼ਰ ‘ਤੇ ਤਾਂ ਕੋਈ ਰੋਣ ਵਾਲ਼ਾ ਨਹੀਂ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਮਤਲਬ ਇਹ ਨਹੀਂ ਸੀ ਕਿ ਲੋਕ ਜਾ ਕੇ ਰੋਣ ਬਲਕਿ ਇਹ ਦੁੱਖ ਦੇ ਇਜ਼ਹਾਰ ਦਾ ਇੱਕ ਇਸ਼ਾਰਾ ਸੀ ਕਿ ਸਾਡਾ ਭਰਾ ਵੀ ਮਾਰਿਆ ਗਿਆ ਹੈ ਪਰ ਅਸੀਂ ਸਬਰ ਕਰ ਰਹੇ ਹਾਂ। ਪਰ ਅਨਸਾਰ ਨੇ ਇਸ ਵਾਕ ਨੂੰ ਲਫ਼ਜ਼ੀ ਮਾਅਨਿਆਂ ਵਿੱਚ ਲੈ ਕੇ ਔਰਤਾਂ ਨੂੰ ਹਜ਼ਰਤ ਜਾਅਫ਼ਰ ਰਜ਼ਿ ਅੱਲਾਹੁ ਅਨਹੁ ਦੇ ਘਰ ਭੇਜ ਦਿੱਤਾ ਜਿਹਨਾਂ ਨੇ ਉੱਥੇ ਰੋਣਾ ਧੋਣਾ ਸ਼ੁਰੂ ਕਰ ਦਿੱਤਾ। ਜਦ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇਸ ਗੱਲ

ਦਾ ਪਤਾ ਲੱਗਾ ਤਾਂ ਫ਼ਰਮਾਇਆ ਕਿ ਮੇਰਾ ਇਹ ਮਤਲਬ ਤਾਂ ਨਹੀਂ ਸੀ। ਫਲਸਰੂਪ ਇੱਕ ਸ਼ਖ਼ਸ ਗਿਆ ਅਤੇ ਉਸਨੇ ਉਹਨਾਂ ਨੂੰ ਮਨ੍ਹਾ ਕੀਤਾ। ਉਸ ਨੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਖ਼ਿਦਮਤ ਵਿੱਚ ਵਾਪਸ ਆ ਕੇ ਅਰਜ਼ ਕੀਤਾ ਕਿ ਉਹ ਮੰਨਦੀਆਂ ਨਹੀਂ ਮੇਰੀ ਗੱਲ। ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਉਹਨਾਂ ਦੇ ਸਿਰ ਤੇ ਮਿੱਟੀ ਪਾ ਯਾਨੀ ਉਹਨਾਂ ਨੂੰ ਛੱਡ ਦੇ ਉਹ ਖ਼ਾਮੋਸ਼ ਹੋ ਜਾਣਗੀਆਂ। ਪਰ ਉਸ ਸ਼ਖ਼ਸ ਨੇ ਵੀ ਇਸ ਗੱਲ ਨੂੰ ਲਫ਼ਜ਼ੀ ਮਾਅਨਿਆਂ ਵਿੱਚ ਲੈ ਕੇ ਵਾਕ਼ਈ ਮਿੱਟੀ ਸੁੱਟਣੀ ਸ਼ੁਰੂ ਕਰ ਦਿੱਤੀ। ਹਜ਼ਰਤ ਆਇਸ਼ਾ ਰਜ਼ਿ ਅੱਲਾਹੁ ਅਨਹਾ ਨੇ ਉਸ ਨੂੰ ਝਿੜਕਿਆ ਕਿ ਤੂੰ ਗੱਲ ਨੂੰ ਸਮਝਿਆ ਹੀ ਨਹੀਂ।

ਅੱਲਾਮਾ ਇਬਨਿ ਕਸੀਰ ਦੀ ਕਿਤਾਬ ਅਲ-ਬਿਦਾਯਾ ਵੱਨ-ਨਿਹਾਯਾ ਵਿੱਚ ਸ਼ੁਹਦਾਇ ਮੋਤਾ ਦਾ ਜ਼ਿਕਰ ਕਰਨ ਦੇ ਬਾਅਦ ਲਿਖਿਆ ਹੈ ਕਿ ਇਹਨਾਂ ਦੀ ਤਾਅਦਾਦ 12 ਸੀ। ਕੁੱਝ ਰਿਵਾਇਤਾਂ ਵਿੱਚ ਸ਼ਹੀਦਾਂ ਦੀ ਤਾਅਦਾਦ ਜ਼ਿਆਦਾ ਵੀ ਬਿਆਨ ਹੋਈ ਹੈ। ਪਰ ਬਹਿਰਹਾਲ, ਇਹ ਬਹੁਤ ਵੱਡਾ ਚਮਤਕਾਰ ਹੈ ਕਿ ਦੋ ਫ਼ੌਜਾਂ ਆਹਮਣੇ ਸਾਹਮਣੇ ਹੋਣ, ਜਿਹੜਾ ਖ਼ੁਦਾ ਦੀ ਰਾਹ ਵਿੱਚ ਲੜ ਰਿਹਾ ਹੋਵੇ ਉਸ ਦੀ ਤਾਅਦਾਦ ਤਿੰਨ (03) ਹਜ਼ਾਰ ਹੋਵੇ ਜਦਕਿ ਦੂਸਰੇ ਦੁਸ਼ਮਣ ਫ਼ੌਜ ਦੀ ਤਾਅਦਾਦ ਦੋ (02) ਲੱਖ ਹੋਵੇ ਫਿਰ ਵੀ ਮੁਸਲਮਾਨਾਂ ਦੇ ਸਿਰਫ਼ 12 ਜਾਂ ਬਹੁਤ ਥੋੜੀ ਤਾਅਦਾਦ ਵਿੱਚ ਲੋਕ ਸ਼ਹੀਦ ਹੋਣ ਅਤੇ ਮੁਸ਼ਰਿਕਾਂ ਦੀ ਜ਼ਿਆਦਾ ਤਾਅਦਾਦ ਵਾਸਿਲਿ ਜਹੱਨਮ ਹੋਣ।

ਫਿਰ ਇੱਕ ਸਿਰਿੱਯਾ ਦਾ ਜ਼ਿਕਰ ਹੈ। ਇਹ ਸਿਰਿੱਯਾ ਹਜ਼ਰਤ ਅਮ੍ਰ ਬਿਨ ਆਸ ਕਹਾਉਂਦਾ ਹੈ। ਇਹ ਸਿਰਿੱਯਾ ਜਮਾਦਿਉੱਸ ਸਾਨੀ ਅੱਠ (08) ਹਿਜਰੀ ਵਿੱਚ ਹੋਇਆ। ਇਬਨਿ ਇਸਹਾਕ਼ ਦੇ ਇਲਾਵਾ ਸਭ ਇਸ ਗੱਲ ‘ਤੇ ਸਹਿਮਤ ਹਨ ਕਿ ਇਹ ਸਿਰਿੱਯਾ ਗ਼ਜ਼ਵਾ ਮੋਤਾ ਦੇ ਬਾਅਦ ਹੋਇਆ ਤੇ ਗ਼ਜ਼ਵਾ ਮੌਤਾ ਜਮਾਦਿਉੱਲ ਊਲਾ ਵਿੱਚ ਹੋਇਆ ਸੀ। ਇਸ ਸਿਰਿੱਯਾ ਦਾ ਕਾਰਨ ਇਹ ਬਣਿਆ ਕਿ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਖ਼ਬਰ ਮਿਲੀ ਕਿ ਬਨੂ ਕ਼ੁਜ਼ਾਆ ਦਾ ਇੱਕ ਗਿਰੋਹ ਮਦੀਨੇ ਦੇ ਕਿਨਾਰਿਆਂ ‘ਤੇ ਹਮਲਾ ਕਰਨ ਲਈ ਇਕੱਠਾ ਹੋ ਰਿਹਾ ਹੈ। ਉਹਨਾਂ ਦੀ ਸਰਕੋਬੀ ਲਈ ਰਸੂਲਿ ਕਰੀਮ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਅਮ੍ਰ ਬਿਨ ਆਸ ਰਜ਼ਿ ਅੱਲਾਹੁ ਅਨਹੁ ਨੂੰ ਰਵਾਨਾ ਫ਼ਰਮਾਇਆ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਹਨਾਂ ਦੀ ਅਗਵਾਈ ਹੇਠ ਮੁਹਾਜਿਰਾਂ ਅਤੇ ਅਨਸਾਰਾਂ ‘ਤੇ ਅਧਾਰਿਤ ਤਿੰਨ ਸੌ (300) ਲੋਕਾਂ ਦੀ ਫ਼ੌਜ ਤਿਆਰ ਕੀਤੀ ਜਿਸ ਵਿੱਚ ਤੀਹ (30) ਘੋੜ ਸਵਾਰ ਸਨ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਅਮ੍ਰ ਰਜ਼ਿ ਅੱਲਾਹੁ ਅਨਹੁ ਦੇ ਲਈ ਇੱਕ ਚਿੱਟੇ ਰੰਗ ਦਾ ਝੰਡਾ ਬੰਨ੍ਹਿਆ ਅਤੇ ਨਾਲ਼ ਇੱਕ ਕਾਲ਼ੇ ਰੰਗ ਦਾ ਝੰਡਾ ਵੀ ਦਿੱਤਾ। ਆਪ ਰਜ਼ਿ ਅੱਲਾਹੁ ਅਨਹੁ ਜੰਗ ਵਿੱਚ ਖ਼ਾਸ ਮਹਾਰਤ ਰੱਖਦੇ ਸਨ ਅਤੇ ਜੰਗ ਦੇ ਫ਼ਨ ਤੋਂ ਵੀ ਅਗਾਹੀ ਰੱਖਦੇ ਸਨ ਅਤੇ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਹਨਾਂ ਦੀ ਜੰਗੀ ਮਹਾਰਤ ਦੀ ਵਜ੍ਹਾ ਨਾਲ਼ ਉਹਨਾਂ ਨੂੰ ਸਰਦਾਰ ਬਣਾਇਆ ਸੀ।

ਇਸਲਾਮੀ ਫ਼ੌਜ ਰਵਾਨਾ ਹੋਈ, ਇਹ ਰਾਤ ਨੂੰ ਸਫ਼ਰ ਕਰਦੀ ਸੀ ਅਤੇ ਦਿਨ ਦੇ ਵੇਲ਼ੇ ਲੁਕ ਜਾਂਦੀ ਸੀ ਇਥੋਂ ਤੱਕ ਕਿ ਉਹ ਕ਼ਬੀਲਾ ਜੁਜ਼ਾਮ ਦੇ ਇਲਾਕ਼ੇ ਵਿੱਚ ਸਲਾਸੁਲ ਨਾਮ ਦੇ ਚਸ਼ਮੇ ਦੇ ਕ਼ਰੀਬ ਪਹੁੰਚ ਗਈ। ਇਸੇ ਕਾਰਨ ਇਸ ਨੂੰ ਸਿਰਿੱਯਾ ਜ਼ਾਤੁੱਸ ਸਲਾਸੁਲ ਵੀ ਕਿਹਾ ਜਾਂਦਾ ਹੈ। ਚਸ਼ਮੇ ਦੇ ਕ਼ਰੀਬ ਪਹੁੰਚਣ ‘ਤੇ ਮੁਸਲਮਾਨਾਂ ਨੂੰ ਇਲਮ ਹੋਇਆ ਕਿ ਦੁਸ਼ਮਣ ਦਾ ਲਸ਼ਕਰ ਬਹੁਤ ਵੱਡਾ ਹੈ। ਹਜ਼ਰਤ ਅਮ੍ਰ ਰਜ਼ਿ ਅੱਲਾਹੁ ਅਨਹੁ ਨੇ ਹੋਰ ਮਦਦ ਦੇ ਲਈ ਹਜ਼ਰਤ ਰਾਫ਼ਿਅ ਬਿਨ ਮਕੀਸ ਨੂੰ ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਵੱਲ ਭੇਜਿਆ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਅਬੂ ਉਬੈਦਾ ਬਿਨ ਜੱਰਾਹ ਰਜ਼ਿ ਅੱਲਾਹੁ ਅਨਹੁ ਦੇ ਲਈ ਝੰਡਾ ਤਿਆਰ ਕੀਤਾ ਅਤੇ ਦੋ ਸੌ (200) ਮੁਹਾਜਿਰਾਂ ਅਤੇ ਅਨਸਾਰਾਂ ਦੀ ਫ਼ੌਜ ਉਹਨਾਂ ਨਾਲ਼ ਰਵਾਨਾ ਕੀਤੀ। ਹਜ਼ਰਤ ਅਬੂ ਬਕਰ ਰਜ਼ਿ ਅੱਲਾਹੁ ਅਨਹੁ ਅਤੇ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਵੀ ਇਹਨਾਂ ਵਿੱਚ ਸ਼ਾਮਿਲ ਸਨ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਹਜ਼ਰਤ ਅਬੂ ਉਬੈਦਾ ਰਜ਼ਿ ਅੱਲਾਹੁ ਅਨਹੁ ਨੂੰ ਰਵਾਨਾ ਕਰਦੇ ਹੋਏ ਨਸੀਹਤ ਫ਼ਰਮਾਈ ਕਿ ਪਹੁੰਚਣ ਦੇ ਬਾਅਦ ਹਜ਼ਰਤ ਅਮ੍ਰ ਰਜ਼ਿ ਅੱਲਾਹੁ ਅਨਹੁ ਦੇ ਨਾਲ਼ ਸ਼ਾਮਿਲ ਹੋ ਜਾਣਾ ਅਤੇ ਇੱਕ ਹੀ ਫ਼ੌਜ ਬਣ ਜਾਣਾ ਅਤੇ ਆਪਸ ਵਿੱਚ ਮਤਭੇਦ ਨਾ ਕਰਨਾ।

ਬਹਰਹਾਲ ਤਫ਼ਸੀਲ ਵਿੱਚ ਲਿਖਿਆ ਹੈ ਕਿ ਮੁਸਲਮਾਨ ਉਥੋਂ ਚੱਲ ਪਏ ਅਤੇ ਦੁਸ਼ਮਣ ਦੇ ਇਲਾਕ਼ੇ ਵਿੱਚ ਪਹੁੰਚ ਕੇ ਉਸ ਨੂੰ ਰੌਂਦ ਦਿੱਤਾ ਅਤੇ ਉਸ ‘ਤੇ ਗ਼ਾਲਿਬ ਆ ਗਏ। ਇਥੋਂ ਤੱਕ ਕਿ ਜਦ ਮੁਸਲਮਾਨ ਉਸ ਜਗ੍ਹਾ ਪਹੁੰਚੇ ਜਿੱਥੇ ਉਹਨਾਂ ਨੂੰ ਦੁਸ਼ਮਣ ਦੇ ਜਮ੍ਹਾ ਹੋਣ ਦੀ ਖ਼ਬਰ ਮਿਲੀ ਸੀ ਤਾਂ ਦੁਸ਼ਮਣ ਮੁਸਲਮਾਨਾਂ ਦੀ ਖ਼ਬਰ ਪਾ ਕੇ ਭੱਜ ਗਏ ਅਤੇ ਖਿੱਲਰ ਗਏ।

ਮੁਸਲਮਾਨਾਂ ਨੇ ਉਹਨਾਂ ਦਾ ਪਿੱਛਾ ਕੀਤਾ ਤਾਂ ਦੁਸ਼ਮਣ ਦੇ ਇੱਕ ਛੋਟੇ ਜਿਹੇ ਗਿਰੋਹ ਨਾਲ਼ ਉਹਨਾਂ ਦਾ ਮੁਕ਼ਾਬਲਾ ਹੋਇਆ ਜਿਸ ‘ਤੇ ਉਹਨਾਂ ਨੇ ਹਮਲਾ ਕਰਕੇ ਉਹਨਾਂ ਨੂੰ ਹਰਾ ਦਿੱਤਾ ਤੇ ਬਾਕ਼ੀ ਸਭ ਭੱਜ ਗਏ।

ਫਿਰ ਸਿਰਿੱਯਾ ਹੈ ਹਜ਼ਰਤ ਅਬੂ ਉਬੈਦਾ ਬਿਨ ਜੱਰਾਹ (ਰਜ਼ਿ ਅੱਲਾਹੁ ਅਨਹੁ), ਇਹ ਸਿਰਿੱਯਾ ਰਜਬ ਅੱਠ (08) ਹਿਜਰੀ ਵਿੱਚ ਹੋਇਆ। ਇਸ ਸਿਰਿੱਯਾ ਦੇ ਹੋਰ ਨਾਮ ਵੀ ਹਨ। ਇਸ ਸਿਰਿੱਯਾ ਨੂੰ ਸਿਰਿੱਯਾ ਸੈਫ਼ੁਲ ਬਹਰ ਵੀ ਕਿਹਾ ਜਾਂਦਾ ਹੈ। ਸੈਫ਼ੁਲ ਬਹਰ ਦੇ ਮਾਅਨੇ ਸਮੁੰਦਰ ਦੇ ਕੰਢੇ ਦੇ ਹਨ। ਇਸ ਸਿਰਿੱਯਾ ਵਿੱਚ ਕਿਉਂਕਿ ਸਹਾਬਾ ਬੁਹੈਰਾ ਅਹਮਰ (ਲਾਲ ਸਮੁੰਦਰ) ਦੇ ਕੰਢੇ ‘ਤੇ ਜਾ ਕੇ ਠਹਿਰੇ ਸਨ ਇਸ ਲਈ ਇਸ ਸਿਰਿੱਯਾ ਨੂੰ ਸੈਫ਼ੁਲ ਬਹਰ ਕਿਹਾ ਜਾਂਦਾ ਹੈ। ਇਸ ਫ਼ੌਜ ਨੂੰ ਪੱਤੇ ਖਾਣ ਵਾਲ਼ਾ ਲਸ਼ਕਰ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਸ ਸਿਰਿੱਯਾ ਦੇ ਦੌਰਾਨ ਇੱਕ ਅਜਿਹਾ ਵੇਲ਼ਾ ਵੀ ਆਇਆ ਕਿ ਸਹਾਬਾ ਦਰਖ਼ਤਾਂ ਦੇ ਪੱਤੇ ਖਾਣ ‘ਤੇ ਮਜਬੂਰ ਹੋ ਗਏ ਸਨ। ਇਸ ਸਿਰਿੱਯਾ ਦੇ ਸਰਦਾਰ ਹਜ਼ਰਤ ਅਬੂ ਉਬੈਦਾ ਬਿਨ ਜੱਰਾਹ ਰਜ਼ਿ ਅੱਲਾਹੁ ਅਨਹੁ ਸਨ। ਰਸੂਲੁੱਲਾਹ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਹਨਾਂ ਨੂੰ ਤਿੰਨ ਸੌ (300) ਮੁਹਾਜਿਰਾਂ ਅਤੇ ਅਨਸਾਰ ਸਹਾਬਾ ਦੀ ਇੱਕ ਫ਼ੌਜ ਦੇ ਕੇ ਬਨੂ ਜੁਹੈਨਾ ਦੀ ਇੱਕ ਸ਼ਾਖ਼ ਵੱਲ ਭੇਜਿਆ। ਇਸ ਫ਼ੌਜ ਵਿੱਚ ਹਜ਼ਰਤ ਉਮਰ ਰਜ਼ਿ ਅੱਲਾਹੁ ਅਨਹੁ ਵੀ ਸ਼ਾਮਿਲ ਸਨ। ਇਸ ਸਿਰਿੱਯਾ ਦਾ ਮਕ਼ਸਦ ਇਹ ਬਿਆਨ ਕੀਤਾ ਜਾਂਦਾ ਹੈ ਕਿ ਮੱਕੇ ਦੇ ਕ਼ੁਰੈਸ਼ਾਂ ਦਾ ਇੱਕ ਕ਼ਾਫ਼ਲਾ ਜਿਹੜਾ ਅਨਾਜ ਲੈ ਕੇ ਸਮੁੰਦਰ ਦੇ ਕੰਢੇ ਦੇ ਨਾਲ਼ ਨਾਲ਼ ਸ਼ਾਮ ਤੋਂ ਮੱਕੇ ਜਾ ਰਿਹਾ ਸੀ, ਇਸ ‘ਤੇ ਜੁਹੈਨਾ ਦੇ ਇੱਕ ਕ਼ਬੀਲੇ ਵੱਲੋਂ ਹਮਲਾ ਕਰਨ ਦਾ ਖ਼ਤਰਾ ਸੀ। ਇਹ ਸੁਲਹ ਹੁਦੈਬਿਯਾ ਦਾ ਜ਼ਮਾਨਾ ਸੀ ਅਤੇ ਕਿਉਂਕਿ ਜੁਹੈਨਾ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਹਲੀਫ਼ ਸਨ, ਇਸ ਲਈ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਦੂਰ ਅੰਦੇਸ਼ੀ ਤੋਂ ਕੰਮ ਲੈਂਦੇ ਹੋਏ ਇੱਕ ਹਿਫ਼ਾਜ਼ਤੀ ਦਸਤਾ ਇਹਤਿਆਤ ਦੇ ਤੌਰ ‘ਤੇ ਉਹਨਾਂ ਵੱਲ ਭੇਜ ਦਿੱਤਾ ਤਾਂ ਜੋ ਸ਼ਾਮ ਤੋਂ ਆਉਣ ਵਾਲ਼ੇ ਕ਼ੁਰੈਸ਼ੀ ਕ਼ਾਫ਼ਲੇ ਨਾਲ਼ ਮੁੱਠਭੇੜ ਨਾ ਹੋਵੇ ਅਤੇ ਕ਼ੁਰੈਸ਼ਾਂ ਨੂੰ ਅਮਨ ਅਤੇ ਸੰਧੀ ਤੋੜਨ ਦਾ ਬਹਾਨਾ ਨਾ ਮਿਲ਼ ਜਾਵੇ। ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਇਹ ਅਸਹਾਬ ਕਿਸੇ ਨਾਲ਼ ਲੜਨ ਲਈ ਨਹੀਂ ਗਏ ਸਨ, ਇਸ ਲਈ 15 ਦਿਨ ਤੋਂ ਜ਼ਿਆਦਾ ਅਰਸੇ ਤੱਕ ਠਹਿਰੇ ਰਹਿਣ ਦੇ ਬਾਵਜੂਦ ਕਿਸੇ ਲੜਾਈ ਦਾ ਜ਼ਿਕਰ ਨਹੀਂ ਮਿਲ਼ਦਾ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਪਾਕਿਸਤਾਨ ਅਤੇ ਹਿੰਦੁਸਤਾਨ ਦੇ ਦਰਮਿਆਨ ਜਿਹੜੀ ਜੰਗ ਦੀ ਸੂਰਤਿ ਹਾਲ ਹੈ ਇਸ ਬਾਰੇ ਬਹੁਤ ਦੁਆ ਕਰੋ ਕਿ ਆਪਸ ਵਿੱਚ ਸੁਲਹ ਅਤੇ ਅਮਨ ਦਾ ਵਾਤਾਵਰਣ ਕ਼ਾਇਮ ਹੋ ਜਾਵੇ ਕਿਉਂਕਿ ਜੰਗਾਂ ਵਿੱਚ ਅੱਜ ਕੱਲ ਜਿਹੜੇ ਹਥਿਆਰ ਵਰਤੇ ਜਾਂਦੇ ਹਨ ਉਸ ਨਾਲ਼ ਸ਼ਹਿਰੀ ਵੀ ਮਾਰੇ ਜਾਂਦੇ ਹਨ ਅਤੇ ਮਾਰੇ ਜਾ ਰਹੇ ਹਨ, ਹੁਣ ਜਿਹੜੀ ਜੰਗ ਦੀ ਨਵੀਂ ਸੂਰਤ ਬਣ ਰਹੀ ਹੈ। ਬਸ ਦੁਆ ਕਰਨੀ ਚਾਹੀਦੀ ਹੈ ਕਿ ਦੋਹਾਂ ਧਿਰਾਂ ਸੁਲਹ ‘ਤੇ ਰਾਜ਼ੀ ਹੋਣ ਅਤੇ ਵੱਡੇ ਨੁਕ਼ਸਾਨ ਤੋਂ ਬਚ ਜਾਣ। ਇਸ ਬਾਰੇ ਇਹ ਗੱਲ ਵੀ ਯਾਦ ਰੱਖਣੀ ਚਾਹੀਦੀ ਹੈ ਕਿ ਅੱਜਕੱਲ ਸੋਸ਼ਲ ਮੀਡੀਆ ‘ਤੇ ਜਾਂ ਇੰਟਰਨੈੱਟ ਦੇ ਜਿਹੜੇ ਸਾਧਨ ਹਨ, ਇਲੈਕਟ੍ਰੋਨਿਕ ਮੀਡੀਆ ਜੋ ਵੀ ਹੈ, ਮੈਸੇਜ ਹਨ, ਉਸ ‘ਤੇ ਹਰ ਇੱਕ ਬੜੇ ਆਜ਼ਾਦਾਨਾ ਟਿੱਪਣੀਆਂ ਕਰ ਦਿੰਦਾ ਹੈ ਅਤੇ ਆਪਣੀ ਮਰਜ਼ੀ ਨਾਲ਼ ਜੋ ਚਾਹੇ ਕਹਿ ਦਿੰਦਾ ਹੈ। ਜਿਸ ਨਾਲ਼ ਫ਼ਾਇਦਾ ਘੱਟ ਹੈ ਅਤੇ ਨੁਕ਼ਸਾਨ ਜ਼ਿਆਦਾ ਹੈ। ਆਪਣੇ ਵੱਲੋਂ ਬੜਾ ਇਜ਼ਹਾਰ ਹੋ ਰਿਹਾ ਹੁੰਦਾ ਹੈ ਕਿ ਅਸੀਂ ਕੀ ਚਾਹੁੰਦੇ ਹਾਂ। ਅਹਮਦੀਆਂ ਨੂੰ ਇਸ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਕਿਉਂਕਿ ਇਜ਼ਹਾਰ ਜਿਹੜਾ ਹੈ ਉਸਦਾ ਫ਼ਾਇਦਾ ਘੱਟ ਹੈ ਤੇ ਨੁਕ਼ਸਾਨ ਜ਼ਿਆਦਾ ਹੈ। ਅਤੇ ਜੇਕਰ ਕਿਸੇ ਨੂੰ ਪੈਗ਼ਾਮ ਦੇਣ ਦੀ ਬਹੁਤ ਜ਼ਿਆਦਾ ਖ਼ਾਹਿਸ਼ ਹੈ ਤਾਂ ਅਮਨ ਅਤੇ ਸਲਾਮਤੀ ਦਾ ਪੈਗ਼ਾਮ ਦੇਵੇ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਵੀ ਆਪਣੀ ਜ਼ਿੰਦਗੀ ਦੇ ਆਖ਼ਿਰ ਵਿੱਚ ਜੋ “ਪੈਗ਼ਾਮਿ ਸੁਲਹ” ਕਿਤਾਬ ਲਿਖੀ ਸੀ ਉਸ ਵਿੱਚ ਆਪ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਨੇ ਇਹੀ ਪੈਗ਼ਾਮ ਦਿੱਤਾ ਸੀ। ਅਮਨ ਅਤੇ ਸੁਲਹ ਦਾ ਪੈਗ਼ਾਮ ਸੀ। ਇਸ ਲਈ ਇਸ ਨੂੰ ਹਰ ਅਹਮਦੀ ਨੂੰ ਯਾਦ ਰੱਖਣਾ ਚਾਹੀਦਾ ਹੈ ਅਤੇ ਇਸੇ ਦੇ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ। ਅੱਲਾਹ ਤਆਲਾ ਮਾਸੂਮ ਜਾਨਾਂ ਦੇ ਨੁਕ਼ਸਾਨ ਤੋਂ ਬਚਾਏ ਸਭ ਨੂੰ। ਲੱਗਦਾ ਹੈ ਕੁੱਝ ਵੱਡੀਆਂ ਤਾਕ਼ਤਾਂ ਇਸ ਨੂੰ ਹਵਾ ਦੇਣ ਦੀ ਕੋਸ਼ਿਸ਼ਾਂ ਕਰ ਰਹੀਆਂ ਹਨ। ਉਹ ਚਾਹੁੰਦੀਆਂ ਹਨ ਕਿ ਦੋਹੇਂ ਤਾਕ਼ਤਾਂ ਲੜਨ ਅਤੇ ਕਮਜ਼ੋਰ ਹੋਣ ਅਤੇ ਉਹਨਾਂ ਦਾ ਅਸਲ੍ਹਾ ਵੀ ਵਿਕੇ। ਅੱਲਾਹ ਤਆਲਾ ਉਹਨਾਂ ਦੇ ਫ਼ਸਾਦ ਤੋਂ ਵੀ ਬਚਾਵੇ। ਇਸੇ ਤਰ੍ਹਾਂ ਮਿਡਲ ਈਸਟ ਦੀ ਅਵਾਮ ਦੇ ਲਈ ਵੀ ਦੁਆ ਕਰੋ। ਅੱਲਾਹ ਤਆਲਾ ਉਹਨਾਂ ਦੇ ਲਈ ਵੀ ਆਸਾਨੀਆਂ ਪੈਦਾ ਕਰੇ ਅਤੇ ਅਮਨ ਨਾਲ਼ ਆਪਣੇ ਮੁਲਕ ਵਿੱਚ ਰਹਿ ਸਕਣ। ਪਰ ਬਜ਼ਾਹਿਰ ਇਹ ਲੱਗਦਾ ਹੈ ਕਿ ਅਮਨ ਦਾ ਕੋਈ ਇਮਕਾਨ ਨਹੀਂ ਹੈ ਬਲਕਿ ਕੋਸ਼ਿਸ਼ ਇਹੀ ਹੈ ਕਿ ਕਿਸੇ ਤਰ੍ਹਾਂ ਇਹਨਾਂ ਨੂੰ ਇੱਥੋਂ ਕੱਢ ਦਿੱਤਾ ਜਾਵੇ ਅਤੇ ਇਸ ਵਿੱਚ ਸਭ ਤਾਕ਼ਤਾਂ ਸ਼ਾਮਿਲ ਹੋ ਰਹੀਆਂ ਹਨ। ਮੁਸਲਮਾਨ ਮੁਲਕਾਂ

ਨੂੰ ਅੱਲਾਹ ਤਆਲਾ ਅਕ਼ਲ ਦੇਵੇ ਅਤੇ ਉਹ ਇੱਕ ਹੋ ਜਾਣ। ਜੇਕਰ ਉਹ ਇੱਕ ਹੋ ਜਾਣ ਤਾਂ ਬਹੁਤ ਸਾਰੇ ਮਸਲੇ ਹੱਲ ਹੋ ਸਕਦੇ ਹਨ।

ਜੇਕਰ ਵਿਸ਼ਵ ਯੁੱਧ ਹੋਇਆ ਤਾਂ ਇਹ ਕੁੱਝ ਲੋਕਾਂ ਦਾ, ਕੁੱਝ ਮੁਲਕਾਂ ਦਾ ਖ਼ਿਆਲ ਗ਼ਲਤ ਹੈ ਕਿ ਉਹ ਬਚ ਜਾਣਗੇ। ਇਹ ਸਭ ਨੂੰ ਆਪਣੀ ਲਪੇਟ ਵਿੱਚ ਲੈ ਲਵੇਗਾ। ਬਸ ਇਸ ਗ਼ਲਤ ਫ਼ਹਿਮੀ ਤੋਂ ਹਰ ਇੱਕ ਨੂੰ ਬਚਣਾ ਚਾਹੀਦਾ ਹੈ। ਅੱਲਾਹ ਤਆਲਾ ਸਭ ਨੂੰ ਮਹਿਫ਼ੂਜ਼ ਰੱਖੇ। ਬਹਰਹਾਲ ਇਸ ਦਾ ਹੱਲ ਜਿਵੇਂ ਮੈਂ ਹਮੇਸ਼ਾ ਕਹਿੰਦਾ ਹਾਂ ਸਿਰਫ਼ ਅਤੇ ਸਿਰਫ਼ ਇਹੀ ਹੈ ਕਿ ਖ਼ੁਦਾ ਤਆਲਾ ਵੱਲ ਝੁਕਣ ਅਤੇ ਇਹੀ ਇੱਕ ਰਸਤਾ ਹੈ ਜਿਹੜਾ ਇਹਨਾਂ ਨੂੰ ਬਚਾ ਸਕਦਾ ਹੈ। ਇਸ ਦੇ ਇਲਾਵਾ ਹੋਰ ਕੋਈ ਰਸਤਾ ਨਹੀਂ। ਅੱਲਾਹ ਤਆਲਾ ਸਭ ਨੂੰ ਇਸ ਦੀ ਤੌਫ਼ੀਕ਼ ਦੇਵੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِىَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِى الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞